# ਕੁਦਰਤ, ਹਵਾ ਅਤੇ ਹਵਾ-ਪ੍ਰਦੂਸ਼ਣ

ਪ੍ਰਜਣਨ ਕ੍ਰਿਆ ਕੁਦਰਤ ਦੀ ਇੱਕ ਆਨੰਦਮਈ, ਆਲੋਕਿਕ ਖੇਡ ਹੈ ਜਿਸ ਰਾਂਹੀ ਹਰੇਕ ਜੀਵ ਤੇ ਬਨਸਪਤੀ ਆਪਣੀ ਹੋਂਦ ਨੂੰ ਚਿਰਜੀਵੀ ਬਣਾਉਣ ਲਈ ਯਤਨਸ਼ੀਲ ਰਹਿੰਦੀ ਹੈ। ਸਮੁੱਚੀ ਧਰਤੀ ਉਪੱਰ ਬੇਸ਼ੱਕ ਜੀਵਨ ਦੀ ਹੋਂਦ ਦਾ ਆਧਾਰ ਤਰਲ ਰੂਪ ਵਿੱਚ ਪਾਣੀ ਨੂੰ ਮੰਨਿਆ ਗਿਆ ਹੈ ਪਰ ਮਾਂ ਦੀ ਕੁੱਖ ਵਿੱਚ ਪਲਣ ਉਪ੍ਰੰਤ ਜਦੋਂ ਮਨੁੱਖ ਇਸ ਧਰਤੀ ਤੇ ਪ੍ਰਵੇਸ਼ ਕਰਦਾ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਕੁਦਰਤੀ ਹਵਾ ਹੀ ਜੀ ਆਇਆ ਕਹਿੰਦੀ ਹੈ। ਇਹ ਹਵਾ ਹੀ ਹੈ ਜੋ ਸਮੁੱਚੀ ਕਾਇਨਾਤ ਨੂੰ ਜੀਵਨ ਦਾਨ ਦਿੰਦੀ ਹੈ। ਮਨੁੱਖ ਭੋਜਨ ਬਿਨਾਂ ਤਿੰਨ ਹਫ਼ਤੇ ਅਤੇ ਪਾਣੀ ਬਿਨਾਂ ਤਿੰਨ ਦਿਨ ਤੱਕ ਰਹਿ ਸਕਦਾ ਹੈ ਪਰ ਹਵਾ ਬਿਨਾਂ ਤਿੰਨ ਮਿੰਟ ਵੀ ਜਿਉਂਦਾ ਨਹੀਂ ਰਹਿ ਸਕਦਾ ਜਿੱਥੋਂ ਪਵਨ ਦੀ ਅਹਿਮੀਅਤ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਮਾਨਵਤਾ ਦੀ ਜਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਹਵਾ ਦੀ ਕਾਇਨਾਤ ਨੂੰ ਦੇਣ ਦੀ ਇੱਕ ਅਨੂੰਠੀ ਉਦਾਹਰਣ ਹੈ:-

ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ।।
ਤਿਨ ਮਹਿ ਪੰਚੁ ਤਤੁ ਘਰ ਵਾਸਾ।।

ਗੁਰੂ ਗ੍ਰੰਥ ਪੰਨਾ 1031

ਗੁਰਬਾਣੀ ਵਿੱਚ ਸਿਰਜਣਾ ਨੂੰ ਸੱਚ, ਵਾਸਤਵਿਕ, ਜੋਰਾਵਰ, ਗੌਰਵਮਈ, ਵਚਿੱਤਰ ਅਤੇ ਵਿਧੀ-ਵੱਤ ਤੌਰ ਤੇ ਪ੍ਰਵਾਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਅਰਬੀ ਭਾਸ਼ਾ ਦੇ ਸ਼ਬਦ **"ਕੁਦਰਤ"** ਦੀ ਚੋਣ ਬਾਰੇ ਪ੍ਰਮੁੱਖ ਸਿੱਖ ਵਿਦਵਾਨ ਕਪੂਰ ਸਿੰਘ ਲਿਖਦੇ ਹਨ ਕਿ ਇਹ ਸ਼ਬਦ ਜਿੱਥੇ ਗੁਰੂ ਨਾਨਕ ਦੇ ਫਲਸਫੇ ਦਾ ਪ੍ਰਤੀਕ ਹੈ ਉਥੇ ਉਹ ਉਸ ਵਕਤ ਦੀ ਸੰਕੀਰਣ ਅਤੇ ਪੱਖਪਾਤੀ ਮਾਨਸਿਕਤਾ ਦਾ ਉਹ ਨਜ਼ਰੀਆ ਬਦਲਣਾ ਚਾਹੁੰਦੇ ਸਨ ਜੋ ਕਿਸੇ ਹੋਰ ਭਾਸ਼ਾ ਜਾਂ ਮਾਨਵੀ ਸੰਚਾਰ ਨੂੰ ਅਸਵੀਕਾਰ ਕਰਦਾ ਸੀ। ਪਰ ਗੁਰੂ ਨਾਨਕ ਨੇ ਇਹਨਾ ਧਾਰਨਾਵਾਂ ਤੋਂ ਮੁਕਤੀ ਦੁਆਂਉਦੇ ਹੋਏ ਕੁਦਰਤ ਅਤੇ ਰੱਬ ਦਾ ਵਖਰੇਵਾਂ ਸਿਰਜਿਆ ਅਤੇ ਆਪਣੀਆਂ ਚਾਰ ਉਦਾਸੀਆਂ ਰਾਂਹੀ ਇਹ ਸਿੱਧ ਕੀਤਾ ਕਿ ਧਰਤੀ ਦੇ ਕਿਸੇ ਵੀ ਖਿੱਤੇ ਅਤੇ ਲੋਕਾਂ ਦੀਆਂ ਸਾਰੀਆਂ ਭਾਸ਼ਾਵਾਂ ਅਤੇ ਵਿਗਿਆਨਕ ਧਾਰਨਾਵਾਂ ਨਾਨਕ ਨਾਮ ਲੇਵਾ ਨੂੰ ਪੂਰੀ ਤਰਾਂ ਕਬੂਲ ਹਨ। ਇਹ ਭਾਸ਼ਾ ਹੀ ਹੈ ਜੋ ਕਿਸੇ ਵਿਦਵਾਨ ਅੱਗੇ ਉਸ ਖੇਤਰ ਦੇ ਗੁੱਝੇ ਰਾਜ ਸਾਹਮਣੇ ਰੱਖਦੀ ਹੈ। ਨਾਨਕ ਬਾਣੀ ਨੇ ਕੁਦਰਤ ਅਤੇ ਮਨੁੱਖ ਦਾ ਮੁੱਢ-ਕਦੀਮੀ ਰਿਸ਼ਤਾ ਪ੍ਰਚੱਲਤ ਦ੍ਰਿਸ਼ਟੀਕੋਣ ਤੋਂ ਵੱਖਰੇ ਤੌਰ ਤੇ ਪੇਸ਼ ਕੀਤਾ। ਗ੍ਰਹਿਸਥ ਵਿੱਚ ਰਹਿੰਦਿਆਂ ਮਨੁੱਖ ਨੂੰ ਜਿਉਣ-ਜੋਗਾ ਕੁਦਰਤ ਨੇ ਹੀ ਕੀਤਾ ਅਤੇ ਇਸ ਦੀ ਹੋਂਦ ਦਾ ਆਧਾਰ ਕੁਦਰਤੀ ਤੱਤ ਪਾਣੀ, ਹਵਾ, ਬਨਸਪਤੀ, ਅਗਨੀ, ਦਰਿਆ, ਪਰਬਤ ਅਤੇ ਮਿੱਟੀ ਹਨ। ਮਿਥਿਹਾਸਕ ਸ਼ਬਦ ਭਗਵਾਨ ਵੀ ਭੂਮੀ , ਗਗਨ, ਵਾਯੂ, ਅਗਨੀ ਅਤੇ ਨੀਰ ਦੇ ਸੁਮੇਲ ਤੋਂ ਹੀ ਬਣਿਆ ਪ੍ਰਤੀਤ ਹੁੰਦਾ ਹੈ ਜਿਸ ਤੇ ਪੂਰਾ ਹਿੰਦੂ ਫਲਸਫਾ ਉਸਰਿਆ ਹੋਇਆ ਹੈ।

ਪ੍ਰਸਿੱਧ ਯੂਨਾਨੀ ਦਾਰਸ਼ਨਿਕ ਸੁਕਰਾਤ ਅਨੁਸਾਰ ਮਨੁੱਖ ਸਾਰੀ ਕੁਦਰਤੀ ਵਿਵਸਥਾ ਦਾ ਸਿਖਰਲਾ ਡੰਡਾ ਹੈ। ਇਸ ਲਈ ਕੁਦਰਤ ਪ੍ਰਤੀ ਇਸ ਦਾ ਕਰਤੱਵ ਵੀ ਬੜਾ ਜਰੂਰੀ ਅਤੇ ਅਹਿਮ ਹੈ ਜੋ ਸਾਰੀ ਕੁਦਰਤ ਨੂੰ ਠੀਕ ਤਰਾਂ ਸਮਝ ਸਕਦਾ ਹੈ ਅਤੇ ਆਪਣੀਆਂ ਕ੍ਰਿਆਵਾਂ ਦਾ ਕੁਦਰਤ ਨਾਲ ਸੁਮੇਲ ਕਰ ਸਕਦਾ ਹੈ। ਮਨੁੱਖੀ ਸ਼ਰੀਰ ਦਾ ਸਬੰਧ ਕੁਦਰਤ ਦੇ ਭੌਤਿਕ ਤੱਤਾਂ ਨਾਲ ਹੈ। ਇਹ ਆਪਣੀ ਖੁਰਾਕ ਕੁਦਰਤ ਵਿੱਚੋਂ ਲੈਂਦਾ ਹੈ ਅਤੇ ਇਹ ਭੌਤਿਕ ਤੱਤ ਪ੍ਰਵਰਤਿਤ ਹੁੰਦੇ ਰਹਿੰਦੇ ਹਨ । ਜਿਸ ਬਾਰੇ ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।
ਦਿਵਸੁ ਰਾਤਿ ਦੁਈ ਦਾਈ ਦਇਆ ਖੇਲੈ ਸਗਲ ਜਗਤ।।

ਗੁਰੂ ਗ੍ਰੰਥ ਪੰਨਾ-8

ਗੁਰਬਾਣੀ ਵਿੱਚ ਹਵਾ ਕੁਦਰਤ ਦੇ ਬੁਨਿਆਦੀ ਤੱਤ ਵਜੋਂ ਉਭਰਦਾ ਹੈ। ਜੀਵ-ਸਿਰਜਣਾ ਵਿੱਚ ਇਸ ਮੂਲ ਤੱਤ ਦੇ ਮਹਤੱਵ ਨੂੰ ਸਵੀਕਾਰ ਕੀਤਾ ਗਿਆ ਹੈ। ਮਾਨਵ ਜੀਵਨ ਦਾ ਵਜੂਦ ਹੀ ਪਵਨ ਮੰਨਿਆ ਗਿਆ ਹੈ ਜਿਸ ਦੀ ਅਣਹੋਂਦ ਵਿੱਚ ਜੀਵਨ ਦੀ ਕਲਪਨਾ ਹੀ ਅਸੰਭਵ ਹੈ। ਜੀਵ ਉਨੀ ਦੇਰ ਹੀ ਸਜੀਵ ਹੈ ਜਦੋਂ ਤੱਕ ਸਵਾਸਾ (ਹਵਾ) ਦਾ ਆਦਾਨ-ਪ੍ਰਦਾਨ ਹੁੰਦਾ ਹੈ। ਹਵਾ ਦਰਅਸਲ ਗੈਸਾਂ, ਛੋਟੇ ਕਣਾਂ ਅਤੇ ਵਾਸ਼ਪਾ ਦਾ ਅਜਿਹਾ ਮਿਸ਼ਰਣ ਹੈ ਜੋ ਸਮੁੱਚੀ ਕਾਇਨਾਤ ਨੂੰ ਜਿਊਂਦਾ ਰੱਖ ਰਿਹਾ ਹੈ। ਇਸ ਵਿੱਚ ਮੌਜੂਦ ਤੱਤ ਹਰ ਵਕਤ ਗਤੀਸ਼ੀਲ ਰਹਿੰਦੇ ਹਨ ਅਤੇ ਗਰੂਤਾ ਸ਼ਕਤੀ ਇਹਨਾ ਸੂਖਮ ਤੱਤਾਂ ਦੀ ਗਤੀ ਵਿੱਚ ਕਦੇ ਰੁਕਾਵਟ ਨਹੀਂ ਬਣਦੀ। ਆਮ ਹਾਲਾਤਾਂ ਵਿੱਚ ਹਵਾ ਨਾਈਟਰਜਨ (75.51%) ਆਕਸੀਜਨ (23.14%) ਅਤੇ ਆਰਗੋਨ (1.28%) ਜਿਹੇ ਤੱਤਾਂ ਦਾ ਮਿਸਰਣ ਹੈ ਜਿਸ ਵਿੱਚ ਪਾਣੀ ਦੇ ਵਾਸ਼ਪ, ਕਾਰਬਨ ਡਾਈਆਕਸਾਈਡ, ਹਾਈਡਰੋਜਨ, ਨੀਓਨ, ਮੀਥੇਨ ਅਤੇ ਹੀਲੀਅਮ ਜਿਹੇ ਗੈਸੀ ਤੱਤ ਬਹੁਤ ਥੋੜੀ ਮਾਤਰਾ ਵਿੱਚ ਮੌਜੂਦ ਹਨ ਪਰ ਸੰਚਾਰੂ ਕ੍ਰਿਆਵਾਂ ਲਈ ਹਰੇਕ ਜਿਉਂਦੀ ਵਸਤੂ ਆਕਸੀਜਨ ਗੈਸ ਸਾਹ ਦੁਆਰਾ ਲੈ ਕੇ ਕਾਰਨਡਾਈਆਕਸਾਈਡ ਗੈਸ ਛੱਡਦੀ ਹੈ। ਇਹ ਬਨਸਪਤੀ ਹੈ ਜਿਹੜੀ ਮੁੜ ਕਾਰਬਨਡਾਈਆਕਸਾਈਡ ਨੂੰ ਆਪਣੀ ਖੁਰਾਕ ਵਜੋਂ ਵਰਤ ਕੇ ਆਕਸੀਜਨ ਗੈਸ ਪੈਦਾ ਕਰਦੀ ਹੈ। ਇਹ ਅੰਤਰ-ਨਿਰਭਰਤਾ ਹੀ ਸਮੁੱਚੀ ਕਾਇਨਾਤ ਦਾ ਜੀਵਨ-ਤੱਤ ਹੈ। ਪਰ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਵਸੋਂ ਦੇ ਵਾਧੇ ਕਾਰਨ ਹਰੀ-ਪੱਟੀ ਦੇ ਘਟਣ ਨਾਲ ਕਾਰਬਨ ਡਾਈਆਕਸਾਇਡ ਗੈਸ ਦੀ ਮਾਤਰਾ ਵਿੱਚ ਲਗਾਤਾਰ ਹੋ ਰਿਹਾ ਵਾਧਾ, ਗ੍ਰੀਨ-ਹਾਊਸ ਪ੍ਰਭਾਵ

ਅਤੇ ਬ੍ਰਹਿਮੰਡ ਦੇ ਤਾਪਮਾਨ ਵਿੱਚ ਹੋ ਰਹੇ ਲਗਾਤਾਰ ਵਾਧੇ ਦਾ ਇੱਕ ਜਿੰਮੇਵਾਰ ਪਹਿਲੂ ਹੈ। ਸਮੁੱਚੀਆ ਜੈਵਿਕ ਗਤੀਵਿਧੀਆ ਲਈ ਆਕਸੀਜਨ ਦੀ ਲਗਾਤਾਰ ਵਧ ਰਹੀ ਮੰਗ ਅਤੇ ਕਾਰਬਨ ਡਾਈਆਕਸਾਈਡ ਦੇ ਯੋਗ ਨਿਪਟਾਰੇ ਦੀ ਅਣਹੋਂਦ ਨੇ ਅਸੰਤੁਲਿਤ ਵਾਤਾਵਰਣ ਦੀ ਸਿਰਜਣਾ ਕੀਤੀ। ਇਹੋ ਕਾਰਨ ਹੈ ਕਿ ਡਾਰਵਿਨ ਦੇ ਸਿਧਾਂਤ ਤੇ ਚਲਦਿਆਂ ਕਈ ਜੈਵਿਕ ਕਿਸਮਾਂ ਧਰਤੀ ਤੋਂ ਅਲੋਪ ਹੋ ਰਹੀਆਂ ਹਨ ਜੋ ਜੀਵ ਸੰਸਾਰ ਲਈ ਖਤਰੇ ਦੀ ਘੰਟੀ ਹਨ।

ਸਾਫ਼ ਅਤੇ ਸੱਜਰੀ ਹਵਾ ਮਨੁੱਖ ਅਤੇ ਮੌਜੂਦ ਜੈਵਿਕ ਪਦਾਰਥਾ ਦੀ ਮੁਢਲੀ ਲੋੜ ਹੈ ਪਰ ਪਿਛਲੀ ਸਦੀ ਦੌਰਾਨ ਹੋਈ ਵਿਗਿਆਨ ਦੀ ਤਰੱਕੀ, ਪ੍ਰਮਾਣੂ ਸ਼ਕਤੀ ਦੀ ਸਿਰਜਣਾ ਅਤੇ ਵਿਗਿਆਨਕ ਖੋਜਾਂ ਦੀ ਦੁਰਵਰਤੋਂ ਨੇ ਸਮੁੱਚੀ ਕੁਦਰਤੀ ਸਿਰਜਣਾ ਨੂੰ ਵਿਨਾਸ ਵੱਲ ਧੱਕਿਆ। ਵਿਸ਼ਵੀਕਰਣ, ਉਦਯੋਗੀਕਰਣ, ਜਨ-ਸੰਖਿਆ ਦੇ ਵਾਧੇ ਅਤੇ ਆਰਥਿਕ ਖੁਸ਼ਹਾਲੀ ਨੇ ਮਨੁੱਖ ਦਾ ਕੁਦਰਤ ਨਾਲੋਂ ਰਿਸ਼ਤਾ ਪੂਰੀ ਤਰਾਂ ਤੋੜ ਕੇ ਸਾਨੂੰ ਹਨੇਰੇ ਖੂਹ ਵੱਲ ਧੱਕਿਆ ਜਿਸ ਵਿੱਚ ਗਿਰ ਕੇ ਅਸੀਂ ਹੁਣ ਆਪਣੀ ਹੋਂਦ ਬਰਕਰਾਰ ਰੱਖਣ ਲਈ ਤਰਲੋ ਮੱਛੀ ਹੋ ਰਹੇ ਹਾਂ।

ਦਰਅਸਲ ਸੱਜਰੀ, ਸਵੱਛ ਹਵਾ ਦੀ ਅਹਿਮੀਅਤ ਨੂੰ ਸਮਝਦਿਆਂ, ਉਹ ਕਾਰਵਾਈ ਜਿਸ ਰਾਂਹੀ ਹਵਾ ਵਿੱਚ ਛੱਡ ਜਾਂਦੇ ਉਹ ਅਣਚਾਹੇ ਤੱਤ, ਜਿਵੇਂ ਧੂੜ ਦੇ ਕਣ, ਕਾਰਬਨਡਾਈਆਕਸਾਈਡ, ਕਾਰਬਨ-ਮੋਨੋਆਕਸਾਈਡ, ਸਲਫਰ ਡਾਈਆਸਾਈਡ, ਓਜੋਨ, ਨਾਈਟਰੋਜਨ ਦੇ ਆਕਸਾਈਡ, ਸਿੱਕਾ, ਕਲੋਰੋਫਲੋਰੋਕਾਰਬਨ, ਵਾਸ਼ਪਸ਼ੀਲ ਕਾਰਬਨਿਕ ਯੋਗਿਕ ਆਦਿ, ਜੋ ਮਨੁੱਖੀ ਸਰੀਰ ਅਤੇ ਹੋਰ ਜੈਵਿਕ ਪਦਾਰਥਾਂ ਤੇ ਮਾਰੂ ਅਸਰ ਪਾਉਂਦੇ ਹਨ, ਨੂੰ ਹਵਾ-ਪ੍ਰਦੂਸ਼ਣ ਕਿਹਾ ਗਿਆ ਹੈ। ਜਿਸ ਦਾ ਕਾਰਨ ਕੁਦਰਤੀ ਜਾਂ ਮਨੁੱਖੀ ਜਾਂ ਫਿਰ ਦੋਵੇਂ ਹੋ ਸਕਦੇ ਹਨ ਪਰ ਇਸ ਸਮੱਸਿਆ ਵਿੱਚ ਲਗਾਤਾਰ ਵਾਧਾ ਅੱਜ ਸਮੁੱਚੇ ਸੰਸਾਰ ਲਈ ਇੱਕ ਵੱਡਾ ਚੈਲਿੰਜ ਹੈ। ਇਸ ਵਰੇ ਦਿੱਤੇ ਨੋਬਲ ਸ਼ਾਂਤੀ ਇਨਾਮ ਨੇ ਇਸ ਦੀ ਗੰਭੀਰਤਾ ਨੂੰ ਹੋਰ ਵਿਲੱਖਣ ਅਤੇ ਵਿਸ਼ਵ-ਵਿਆਪੀ ਸਮੱਸਿਆ ਵਜੋਂ ਪੇਸ਼ ਕੀਤਾ ਹੈ। ਕਿਉਂਕਿ ਅੱਜ ਹਰ ਜਿਊਂਦੀ ਵਸਤੂ ਦਾ ਸਾਫ਼ ਹਵਾ ਦਾ ਅਧਿਕਾਰ ਖਤਮ ਹੋ ਰਿਹਾ ਹੈ। ਭਾਰਤ ਦੇ ਪ੍ਰਮੁੱਖ ਸ਼ਹਿਰਾਂ ਦੀ ਹਵਾ ਮਲੀਨ ਹੈ। ਪੰਜਾਬ ਵਿੱਚ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਮੰਡੀ ਗੋਬਿੰਦਗੜ ਅਤੇ ਡੇਰਾ ਬਸੀ ਪ੍ਰਮੁੱਖ ਹਨ ਜਿੱਥੇ ਉਦਯੋਗੀਕਰਣ, ਸ਼ਹਿਰੀਕਰਣ, ਆਰਥਿਕ ਵਿਕਾਸ ਅਤੇ ਪੈਸੇ ਦੀ ਹੋੜ ਨੇ ਸਮੁੱਚੀ ਮਨੁੱਖਤਾ ਦਾਅ ਤੇ ਲਗਾਈ ਹੋਈ ਹੈ।

ਪੰਜਾਬ ਆਰਥਿਕ ਪੱਖੋਂ ਖੁਸ਼ਹਾਲ ਦੇਸ਼ ਦਾ ਉਹ ਚੌਥਾਂ ਸਭ ਤੋਂ ਛੋਟਾ ਪ੍ਰਾਂਤ ਹੈ, ਜੋ ਹਵਾ ਪ੍ਰਦੂਸ਼ਣ ਦੀ ਮਾਰ ਸਭ ਤੋਂ ਜ਼ਿਆਦਾ ਝੱਲ ਰਿਹਾ ਹੈ। ਮਾਨਯੋਗ ਸੁਪਰੀਮ ਕੋਰਟ ਦੀ ਹਦਾਇਤਾਂ ਦੀ ਉਲੰਘਣਾ ਕਰਦਿਆਂ ਨਕਾਰਾ ਹੋਏ ਵਾਹਣ ਅੱਜ ਪੰਜਾਬ ਦੀਆਂ ਸੜਕਾਂ ਤੇ ਦੋੜ ਰਹੇ ਹਨ। ਇਸ ਛੋਟੇ ਜਿਹੇ ਪ੍ਰਾਂਤ ਜਿਥੇ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ, ਵਿੱਚ ਅੱਜ 40,35,164 ਰਜਿਸਟਰਡ ਵਾਹਣ ਹਨ ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀਆਂ ਉਲਘੰਣਾ ਕਰਦੇ ਅਣਰਜਿਸਟਰਡ ਅਤੇ ਪ੍ਰਦੂਸ਼ਣ ਫੈਲਾਉਣ ਵਾਲੇ ਵਾਹਣ ਉਕਤ ਸੰਖਿਆ ਤੋਂ ਵੱਖਰੇ ਹਨ ਜਿਸ ਤੋਂ ਹਵਾ ਪ੍ਰਦੂਸ਼ਣ ਵਿੱਚ ਰਹਿ ਰਹੇ ਸਮੁੱਚੇ ਪੰਜਾਬੀਆ ਦੀ ਪੀੜ ਦਾ ਸਹੀ ਅੰਦਾਜਾ ਲਗਾਇਆ ਜਾ ਸਕਦਾ ਹੈ। ਜਿਸ ਦਾ ਵੱਡਾ ਕਾਰਨ ਡੀਜਲ, ਪੈਟਰੋਲ ਦੇ ਲਗਾਤਾਰ ਤਿੱਖੀਆਂ ਵਧ ਰਹੀਆਂ ਕੀਮਤਾਂ ਹਨ ਜੋ ਗਰੀਬ ਵਾਹਣ ਮਾਲਕਾਂ ਨੂੰ ਮਿਲਾਵਟੀ ਤੇਲ ਵਰਤਣ ਲਈ ਮਜਬੂਰ ਕਰ ਰਹੀਆਂ ਹਨ।

ਪਰ ਮਿਲਾਵਟੀ ਤੇਲ ਇੱਕ ਉਹ ਖਤਰੇ ਵਿੱਚ ਪਾਉਣ ਵਾਲੀ ਕਾਰਵਾਈ ਹੈ ਜੋ ਆਪਣੀ ਕੀਮਤ ਸਵੱਛ ਹਵਾ ਦੇ ਪ੍ਰਦੂਸ਼ਣ ਅਤੇ ਲਗਾਨ ਦੋਹਾਂ ਵਜੋਂ ਵਸੂਲ ਕਰਦਾ ਹੈ। ਮਿਲਾਵਟੀ ਤੇਲ ਦਾ ਕਾਰਨ ਤੇਲ ਅਤੇ ਮਿਲਾਵਟ ਵਿਚਲੀਆਂ ਕੀਮਤਾਂ ਦਾ ਵੱਡਾ ਪਾੜਾ ਹੈ। ਅਜਿਹਾ ਮਿਲਾਵਟੀ ਤੇਲ ਵਾਹਣ ਦੇ ਇੰਜਣ ਤੇ ਵੀ ਅਸਰਦਾਇਕ ਹੁੰਦਾ ਹੈ ਅਤੇ ਧੂੰਏ ਦੇ ਨਿਕਾਸ ਦੀਆਂ ਹੱਦਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮਿਲਾਵਟ ਦੇ ਤੌਰ ਤੇ ਸਾਡੇ ਦੇਸ਼ ਅੰਦਰ ਮਿੱਟੀ ਦਾ ਤੇਲ, ਨੈਫਥਾ, ਪੈਂਨਟੇਨ, ਸਿਕਸੇਨ, ਹੈਕਸੇਨ, ਰੀਸੋਲ ਐਰੋਮੈਕਸ, ਆਇਉਮੈਕਸ ਆਦਿ ਪ੍ਰਮੁੱਖ ਤੌਰ ਤੇ ਵਰਤੇ ਜਾਂਦੇ ਹਨ ਜਿਸ ਕਾਰਨ ਇੰਜਨ ਖਰਾਬ ਹੋ ਰਹੇ ਹਨ ਅਤੇ ਇਸ ਦੇ ਨਿਕਾਸੀ ਧੂੰਏ ਵਿੱਚ ਹਾਈਡਰੋਕਾਰਬਨ, ਕਾਰਬਨ ਮੋਨੋਆਕਸਾਈਡ, ਧੂੰਏ ਦੀ ਕਾਰਬਨ ਦੇ ਚਿਪਕਵੇਂ ਕਣ, ਸਲਫਰ ਡਾਈਆਕਸਾਈਡ ਅਤੇ ਨਾਈਟ੍ਰੋਜਨ ਦੇ ਆਕਸਾਈਡ ਬਹੁਤ ਜ਼ਿਆਦਾ ਮਾਤਰਾ ਵਿੱਚ ਨਿੱਕਲਦੇ ਹਨ ਇਹ ਸਾਰੀਆਂ ਨਿਕਾਸੀ ਗੈਸਾਂ ਜਿੱਥੇ ਹਵਾ ਨੂੰ ਦੂਸ਼ਿਤ ਕਰਦੀਆਂ ਹਨ ਉਥੇ ਚਮੜੀ, ਸਾਹ ਅੱਖਾਂ ਦੀਆਂ ਬੀਮਾਰੀਆਂ ਅਤੇ ਕੈਂਸਰ ਤੱਕ ਨੂੰ ਜਨਮ ਦਿੰਦੀਆਂ ਹਨ। ਪੰਜਾਬ ਇਸ ਟਰਾਂਸਪੋਰਟ ਸੈਕਟਰ ਦੇ ਪ੍ਰਦੂਸ਼ਣ ਤੋਂ ਬੁਰੀ ਤਰਾਂ ਪ੍ਰਭਾਵਿਤ ਹੈ।

ਪੰਜਾਬ ਦੀ ਫਿਜ਼ਾ ਵਿੱਚ ਜ਼ਹਿਰ ਘੋਲਣ ਦਾ ਦੂਜਾ ਵੱਡਾ ਕਾਰਨ ਹਰੇਕ ਛਿਮਾਹੀ ਖੁੱਲੇ ਅਸਮਾਨ ਦੀ ਛੱਤ ਹੇਠ ਪਰਾਲੀ ਅਤੇ ਕਣਕ ਦੀ ਨਾੜ ਨੂੰ ਲਗਾਈ ਜਾਂਦੀ ਅੱਗ ਹੈ। ਇੰਜ ਜਾਪ ਰਿਹਾ ਹੁੰਦਾ ਹੈ ਜਿਵੇਂ ਸਮੁੱਚਾ ਪੰਜਾਬ ਹੀ ਜਲ ਰਿਹਾ ਹੋਵੇ। ਇਸ ਅੱਗ ਨਾਲ ਜਿੱਥੇ ਮਿੱਟੀ ਵਿੱਚ ਮੌਜੂਦ ਨਮੀ, ਕਾਰਬਨਿਕ ਅਤੇ ਅਕਾਰਬਨਿਕ ਯੋਗਿਕ ਤਬਾਹ ਹੋ ਜਾਂਦੇ ਹਨ ਉਥੇ ਸਮੁੱਚੀ ਹਰਿਆਵਲ ਝੁਲਸੀ ਜਾਂਦੀ ਹੈ। ਦਰਖਤ ਵਲੂੰਧਰੇ ਜਾਂਦੇ ਹਨ। ਕਿਸਾਨ ਦੇ ਮਿੱਤਰ ਜੀਵ, ਗੰਡੋਏ, ਸੱਪ, ਹੋਰ ਰੀਂਗਣ ਵਾਲੇ ਜੀਵ ਅਤੇ ਕੀਟ-ਪੰਤਗੇ ਸਾਹ ਘੁਟਣ ਨਾਲ ਮਰ ਜਾਂਦੇ ਹਨ। ਪੰਛੀ ਚੀਕਦੇ, ਕੂਕਦੇ ਇਸ ਧੂੰਏ ਵਿੱਚ ਤੜਪ ਰਹੇ ਹੁੰਦੇ ਹਨ। ਹਰੀ-ਕ੍ਰਾਂਤੀ ਨੇ ਕਿਸਾਨ ਨੂੰ ਤਾਂ ਅਮੀਰੀ ਬਖਸ਼ੀ ਪਰ ਸਮੁੱਚੀ ਧਰਤੀ ਨੂੰ ਗਰੀਬ ਕੀਤਾ। ਪਿਛਲੇ ਸਾਲ ਪੰਜਾਬ ਦੇ ਖੇਤਾਂ ਵਿੱਚ 15 ਮਿਲੀਅਨ ਟਨ ਪਰਾਲੀ ਨੂੰ ਅੱਗ ਲਗਾਈ ਗਈ। ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਪੰਜਾਬ ਦੇ ਖੇਤਾਂ ਵਿੱਚੋਂ ਪੈਦਾ ਹੋ ਰਹੇ ਇਸ ਪ੍ਰਦੂਸ਼ਣ ਦਾ ਮੁੱਲਾਂਕਣ ਕੀਤਾ ਤਾਂ ਦੇਖਿਆ ਕਿ ਇਸ ਅੱਗ ਨਾਲ ਕਾਰਬਨਿਕ ਪਦਾਰਥਾਂ, ਕਾਲੀ ਕਾਰਬਨ, ਸਾਹ ਨਾਲੀ ਵਿਚਲੇ ਵਿਰੋਧ ਨੂੰ ਚੀਰਦੇ ਹੋਏ ਫੇਫੜਿਆਂ ਤੱਕ ਪਹੁੰਚਣ ਵਾਲੇ ਕਣਾਂ (ਪੀ.ਐਮ-10 ਅਤੇ ਪੀ.ਐਮ 2.5), ਕਾਰਬਨਮੋਨੋਆਕਸਾਈਡ, ਕਾਰਬਨਡਾਈਆਕਸਾਈਡ, ਮੀਥੇਨ, ਨਾਈਟਰੋਜਨ ਦੇ ਆਕਸਾਈਡ ਸਲਫਰ ਡਾਈਆਕਸਾਈਡ, ਅਮੋਨੀਆ ਅਤੇ ਹੋਰ ਅਨੇਕਾਂ ਜ਼ਹਿਰੀਲੇ

ਰਸਾਇਣ ਪੈਦਾ ਹੁੰਦੇ ਹਨ ਜੋ ਸਮੁੱਚੇ ਪੰਜਾਬ ਦੇ ਵਾਤਾਵਰਨ ਨੂੰ ਗੰਧਲਾ ਬਣਾਉਣ ਦੇ ਨਾਲ ਨਾਲ ਅਨੇਕਾਂ ਤਰਾਂ ਦੀਆਂ ਮਨੁੱਖੀ ਅਤੇ ਜੀਵ-ਵਿਗਿਆਨਕ ਬੀਮਾਰੀਆਂ ਨੂੰ ਜਨਮ ਦਿੰਦੇ ਹਨ।

ਅੰਕੜਿਆਂ ਅਨੁਸਾਰ ਸੰਸਾਰ ਭਰ ਦੀ ਅੱਧੀ ਅਤੇ ਭਾਰਤ ਦੀ 75% ਜਨਸੰਖਿਆ ਊਰਜਾ ਦੀਆਂ ਜਰੂਰਤਾਂ ਲਈ ਜੈਵਿਕ ਬਾਲਣ ਜਿਵੇਂ ਲੱਕੜੀ, ਝਾੜੀਆਂ, ਛਟੀਆਂ, ਹੋਰ ਅਜਿਹੇ ਪਦਾਰਥਾਂ ਅਤੇ ਗੋਹੇ ਦੀਆਂ ਪਾਥੀਆਂ ਤੇ ਨਿਰਭਰ ਹੈ। ਇੱਕ ਅਨੁਮਾਨ ਅਨੁਸਾਰ ਘਰੇਲੂ ਲੋੜਾਂ ਲਈ ਪਿੰਡਾਂ ਵਿੱਚ 253 ਮਿਲੀਅਨ ਟਨ ਜੈਵਿਕ-ਬਾਲਣ ਫੂਕਿਆ ਗਿਆ ਜਿਸ ਵਿੱਚ 181 ਮਿਲੀਅਨ ਟਨ ਲੱਕੜ, 40 ਮਿਲੀਅਨ ਟਨ ਫਸਲਾਂ ਦੀ ਰਹਿੰਦ ਅਤੇ 32 ਮਿਲੀਅਨ ਟਨ ਪਾਥੀਆਂ ਸਨ। ਵਰਤੀ ਗਈ ਲੱਕੜ ਦਾ 32% ਜੰਗਲਾਂ ਤੋਂ ਅਤੇ ਬਾਕੀ ਹੋਰ ਸਰੋਤਾਂ ਤੋਂ ਪ੍ਰਾਪਤ ਹੁੰਦਾ ਹੈ।ਸਾਰੇ ਜੈਵਿਕ-ਬਾਲਣਾ ਦਾ 95% ਹਿੱਸਾ ਰਸੋਈ ਵਿੱਚ ਹੀ ਵਰਤਿਆ ਜਾਂਦਾ ਹੈ। ਪੰਜਾਬ ਦੇਸ਼ ਦੀ ਖੁਸ਼ਹਾਲ ਪੇਂਡੂ ਆਰਥਿਕਤਾ ਵਜੋਂ ਜਾਣਿਆ ਜਾਂਦਾ ਹੈ ਜਿਸ ਦੀ ਕੁੱਲ 243.59 ਲੱਖ ਆਬਾਦੀ ਦਾ 66% ਹਿੱਸਾ (160.96 ਲੱਖ) 12278 ਪਿੰਡਾਂ ਵਿੱਚ ਰਹਿੰਦਾ ਹੈ ਜੋ ਸੜਕਾਂ ਦੇ ਜਾਲ ਰਾਂਹੀ ਇੱਕ ਦੂਜੇ ਨਾਲ ਪੂਰੀ ਤਰਾਂ ਜੁੜੇ ਹੋਏ ਹਨ। ਦੇਸ਼ ਦੇ ਭੂਗੋਲਿਕ ਖੇਤਰ ਦੇ ਸਿਰਫ਼ 1.53% ਹਿੱਸੇ ਵਿੱਚ ਫੈਲੇ 50362 ਵਰਗ ਕਿਲੋਮੀਟਰ ਦੇ ਖੇਤਰ ਵਾਲੇ ਇਸ ਪ੍ਰਾਂਤ ਦੀ ਆਬਾਦੀ ਘਣਤਾ 484 ਲੋਕ ਪ੍ਰਤੀ ਵਰਗ ਕਿਲੋਮੀਟਰ ਹੋਣ ਕਾਰਨ ਇਸ ਦੀਆਂ ਊਰਜਾ ਜਰੂਰਤਾਂ ਵੀ ਬਾਕੀ ਸੂਬਿਆਂ ਨਾਲੋਂ ਜ਼ਿਆਦਾ ਹਨ। ਬੇਸ਼ਕ ਇਸ ਕੋਲ ਜੈਵਿਕ ਬਾਲਣ ਪੈਦਾ ਕਰਨ ਲਈ 8608000 ਪਸ਼ੂ-ਧਨ ਅਤੇ 3054 ਵਰਗ ਕਿਲੋਮੀਟਰ ਖੇਤਰ ਜੰਗਲਾਂ ਹੇਠ ਹੈ ਪਰ ਫਿਰ ਵੀ ਊਰਜਾ ਜਰੂਰਤਾਂ ਲਈ ਐਲ.ਪੀ.ਜੀ ਗੈਸ ਦੀ ਵਰਤੋਂ ਪਿੰਡਾਂ ਵਿੱਚ ਨਾ-ਮਾਤਰ ਹੋਣ ਕਾਰਨ ਇਹ ਸਾਰੇ ਜੈਵਿਕ-ਬਾਲਣਾਂ ਦੀਆਂ ਵੱਖ ਵੱਖ ਕਿਸਮਾਂ ਤੇ ਹੀ ਨਿਰਭਰ ਕਰਦੇ ਹਨ। ਪ੍ਰਵਾਸੀ ਮਜਦੂਰਾਂ ਦੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਆਮਦ ਅਤੇ ਟਿਕਾਅ ਵੀ ਪੰਜਾਬ ਦੀ ਆਬੋ-ਹਵਾ ਨੂੰ ਦੂਸ਼ਿਤ ਕਰਨ ਦਾ ਇੱਕ ਹੋਰ ਸਰੋਤ ਹੈ। ਵੱਖ ਵੱਖ ਤਿਉਹਾਰਾਂ ਖ਼ਾਸ ਕਰ ਦੁਸ਼ਹਿਰਾ, ਦੀਵਾਲੀ ਦੌਰਾਨ ਚਲਾਏ ਜਾਂਦੇ ਪਟਾਖੇ, ਆਤਿਸ਼ਬਾਜੀ ਅਤੇ ਸ਼ੋਰ ਨੇ ਆਪਣਾ ਅਲੱਗ ਯੋਗਦਾਨ ਪਾਇਆ ਹੈ। ਮੈਰਿਜ-ਪੈਲੇਸ ਕਲਚਰ ਨੇ ਵੀ ਇਸ ਪ੍ਰਦੂਸ਼ਣ ਵਿੱਚ ਆਪਣਾ ਨਾਂਹ-ਪੱਖੀ ਰੋਲ ਅਦਾ ਕੀਤਾ ਹੈ।

ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ, ਗੁਰੂਆਂ ਸੂਫੀਆਂ ਦੇ ਇਸ ਰੰਗਲੀ ਧਰਤੀ ਦੀ ਸੱਜਰੀ-ਸਵੱਛ ਆਬੋ-ਹਵਾ ਅੱਜ ਗੰਭੀਰ ਖਤਰੇ ਹੇਠ ਹੈ। ਇੱਥੋਂ ਦੀ ਜਲ-ਵਾਯੂ, ਜਨ-ਸੰਖਿਆ, ਜੀਵ ਭਿੰਨਤਾ ਅਤੇ ਇਥੋਂ ਤੱਕ ਕਿ ਇਸ ਦੇ ਗੌਰਖਮਈ ਵਿਰਸੇ ਦੀਆਂ ਨਿਸ਼ਾਨੀਆਂ ਵੀ ਪ੍ਰਭਾਵਿਤ ਕਰ ਰਿਹਾ ਇਹ ਹਵਾ-ਪ੍ਰਦੂਸ਼ਣ ਇੱਕ ਰਾਸ਼ਟਰੀ ਚੁਣੌਤੀ ਵਜੋਂ ਉਭੱਰ ਚੁੱਕਿਆ ਹੈ।

ਅੱਜ ਦੇ ਇਸ ਧਰਤ ਦਿਵਸ ਦੇ ਮੌਕੇ ਹਵਾ ਪ੍ਰਦੂਸ਼ਣ ਦਾ ਮਸਲਾ ਇੱਕ ਆਪਣੀ ਅਹਿਮੀਅਤ ਰੱਖਦਾ ਹੈ। ਕਾਰਬਨਡਾਈਆਕਸਾਈਡ ਦੀ ਲਗਾਤਾਰ ਵਧ ਰਹੀ ਮਾਤਰਾ ਕਾਰਨ ਸੰਯੁਕਤ ਰਾਸ਼ਟਰ ਦਾ ਇਸ ਵਰ੍ਹੇ ਵਾਤਾਵਰਨ ਸੁਰੱਖਿਆ ਲਈ ਨਾਅਰਾ **"$CO_2$-KICK THE HABIT"** ਹੈ ਕਿਉਂਕਿ ਮਨੁੱਖਤਾ ਅਤੇ ਜੀਵ-ਭਿੰਨਤਾ ਅਤੇ ਧਰਤੀ ਦੀ ਹੋਂਦ ਨੂੰ ਬਣਾਏ ਅਤੇ ਬਚਾਏ ਰੱਖਣ ਲਈ ਹਵਾ ਦੀ ਇੱਕ ਆਪਣੀ ਅਹਿਮੀਅਤ ਹੈ। ਪੰਜਾਬ ਜਿਹੇ ਛੋਟੇ ਪ੍ਰਾਂਤ ਵਿੱਚ ਮੌਜੂਦ ਆਬਾਦੀ ਦੇ ਜਮਘੱਟੇ ਦੁਆਰਾ ਦੂਸ਼ਿਤ ਕੀਤੀ ਜਾ ਰਹੀ ਸੱਜਰੀ ਅਤੇ ਸਵੱਛ ਹਵਾ ਦੀ ਗੁਣਵੱਤਾ ਸੁਧਾਰਨ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਲਗਾਤਾਰ ਯਤਨਸ਼ੀਲ ਹੈ। ਹਵਾ ਪ੍ਰਦੂਸ਼ਣ ਪੈਦਾ ਕਰਨ ਵਾਲੇ ਉਦਯੋਗਾਂ ਵਿੱਚ ਜੀਰੀ ਦੀ ਫੱਕ ਸਿਰਫ਼ ਉਹਨਾ ਭੱਠੀਆਂ ਵਿੱਚ ਹੀ ਵਰਤਣ ਦੀ ਇਜ਼ਾਜਤ ਹੈ ਜਿਹਨਾਂ ਵਿੱਚ ਹੇਠੋਂ ਹਵਾ ਦੇਣ ਦੀ ਸੁਵਿੱਧਾ ਹੋਵੇ। ਰਬੜ, ਕਬਾੜ ਅਤੇ ਹੋਰ ਕੋਈ ਵੀ ਅਜਿਹਾ ਬਾਲਣ ਪੂਰੀ ਤਰਾਂ ਪਾਬੰਦੀ ਸ਼ੁਦਾ ਹੈ। ਹਵਾ-ਪ੍ਰਦੂਸ਼ਣ ਨੂੰ ਰੋਕਣ ਲਈ ਬੋਰਡ ਖੁੱਲ-ਦਿਲੀ ਨਾਲ ਉਦਯੋਗਾਂ ਅਤੇ ਲੋਕਾਂ ਦਾ ਸਹਿਯੋਗ ਮੰਗਦੇ ਹੋਏ ਵਿਆਪਕ ਕਾਰਜ ਯੋਜਨਾ ਤੇ ਕੰਮ ਕਰਦਾ ਹੋਇਆ ਟੀਚੇ ਪ੍ਰਾਪਤ ਕਰਨ ਲਈ ਲਗਾਤਾਰ ਅਗੇ ਵੱਧ ਰਿਹਾ ਹੈ। ਪਰ ਅਜੇ ਵੀ ਕਈ ਅੰਤਰ-ਵਿਭਾਗੀ ਕਦਮ ਭਵਿੱਖ ਵਿੱਚ ਚੁਕਣੇ ਪੈਣਗੇ ਤਾਂ ਜੋ ਹਵਾ ਪ੍ਰਦੂਸ਼ਣ ਦੀ ਮਾਰ ਤੋਂ ਪੰਜਾਬ ਅਤੇ ਪੰਜਾਬੀਅਤ ਨੂੰ ਬਚਾਇਆ ਜਾ ਸਕੇ।

**ਇੰਜ.ਬੀਰਇੰਦਰਜੀਤ ਸਿੰਘ**
ਮੈਂਬਰ ਸਕੱਤਰ
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
9878911000

**ਡਾ ਚਰਨਜੀਤ ਸਿੰਘ 'ਨਾਭਾ'**
ਸਹਾਇਕ ਵਿਗਿਆਨਕ ਅਫਸਰ ਅਤੇ
ਲੋਕ ਸੰਪਰਕ ਅਫਸਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
98146-42026, 98789-50571
charanjit_nabha2005@yahoo.co.in
charanjitnabha2005@rediffmail.co

**ਡਾ ਚਰਨਜੀਤ ਸਿੰਘ 'ਨਾਭਾ'**
ਸਹਾਇਕ ਵਿਗਿਆਨਕ ਅਫਸਰ ਅਤੇ
ਲੋਕ ਸੰਪਰਕ ਅਫਸਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
98146-42026, 98789-50571
charanjit_nabha2005@yahoo.co.in
charanjitnabha2005@rediffmail.co

ਪਰਮ ਸਤਿਕਾਰਤ

ਸਤਿ ਸ੍ਰੀ ਅਕਾਲ,

ਆਏ ਵਰ੍ਹੇ 22 ਅਪਰੈਲ ਸੰਸਾਰ ਧਰਤ- ਦਿਵਸ ਦੇ ਤੌਰ ਤੇ ਮਨਾਇਆ ਜਾਦਾ ਹੈ ਜਿਸ ਦਾ ਮੁੱਖ ਉਦੇਸ਼ ਧਰਤੀ ਮਾਂ ਨੂੰ ਵੱਖ ਵੱਖ ਦਰਪੇਸ਼ ਖਤਰਿਆਂ ਤੋਂ ਬਚਾਉਣ ਲਈ ਸਿਰ ਤੋੜ ਯਤਨ ਕਰਨਾ ਅਤੇ ਕਾਰਜ ਯੋਜਨਾ ਉਲੀਕਣਾ ਹੈ ਇਸ ਵਰ੍ਹੇ ਦੇ ਧਰਤੁ ਦਿਵਸ ਨਾਲ ਸਬੰਧਤ ਮੈਂ ਆਪਣਾ ਅਤੇ ਸ੍ਰ. ਬੀਰਇੰਦਰਜੀਤ ਸਿੰਘ, ਮੈਂਬਰ ਸਕੱਤਰ, ਦੁਆਰਾ ਸਾਂਝੇ ਤੌਰ ਤੇ ਲਿਖਿਆ ਹਥਲਾ ਲੇਖ ਕੁਦਰਤ, ਹਵਾ ਅਤੇ ਹਵਾ ਪ੍ਰਦੂਸ਼ਣ ਤੁਹਾਡੇ ਤੱਕ ਪਹੁੰਚਦਾ ਕਰ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਇਸ ਪਵਿੱਤਰ ਦਿਹਾੜੇ ਮੇਰਾ ਇਹ ਲੇਖ ਪਾਠਕਾਂ ਨੂੰ ਇਸ ਦਿਵਸ ਦੀ ਮਹੱਤਤਾ ਦਸਣ ਵਿੱਚ ਸਫ਼ਲ ਰਹੇਗਾ। ਕ੍ਰਿਪਾ ਕਰਕੇ ਇਹ ਲੇਖ 22 ਅਪਰੈਲ ਦੇ ਅੰਕ ਵਿੱਚ ਛਾਪਣ ਦੀ ਖੇਚਲ ਕਰਨਾ ਜੀ।ਮੈਂ ਨਿੱਜੀ ਤੌਰ ਤੇ ਆਪ ਜੀ ਦਾ ਧੰਨਵਾਦੀ ਰਹਾਂਗਾ।

ਸੁਭ ਇੱਛਾਵਾਂ ਨਾਲ

ਤੁਹਾਡਾ ਆਪਣਾ

ਡਾ. ਚਰਨਜੀਤ ਸਿੰਘ ਨਾਭਾ